
# ਦੇਸ਼ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫਰੀਦਕੋਟ

D.B. PT. CHETAN DEV GOVT. COLLEGE OF EDUCATION
FARIDKOT

ਸਥਾਪਿਤ : 1945

ਨੈਕ ਅਕਰੈਟਿਡ 'ਬੀ' ਗ੍ਰੇਡ




## ਵਾਰਸ਼ਿਕ ਰਿਪੋਰਟ 2012-13

**ਮੁੱਖ ਮਹਿਮਾਨ**



**ਪ੍ਰੋ. ਦਲਬੀਰ ਸਿੰਘ**
ਪ੍ਰਿੰਸੀਪਲ,
ਆਦੇਸ਼ ਇੰਜੀਨੀਅਰਿੰਗ ਕਾਲਜ, ਫਰੀਦਕੋਟ

**ਪ੍ਰਿੰਸੀਪਲ**



**ਡਾ. ਅਨਿਲ ਕੁਮਾਰ ਵਰਮਾ**

Scanned with CamScanner

ਅੱਜ ਦੇ ਕਨਵੋਕੇਸ਼ਨ ਅਤੇ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਿੰਸੀਪਲ ਦਲਬੀਰ ਸਿੰਘ ਡੀਨ ਐਡਮਿਸ਼ਨਜ ਆਦੇਸ਼ ਇੰਜੀਨੀਅਰਿੰਗ ਕਾਲਜ ਫਰੀਦਕੋਟ ਅਤੇ ਫਰੀਦਕੋਟ ਦੇ ਸਮਾਜਿਕ, ਸੱਭਿਆਚਾਰਕ, ਸਿਆਸੀ ਅਤੇ ਖੇਡ ਜਗਤ ਨਾਲ ਜੁੜੀਆਂ ਹੋਈਆਂ ਉਘੀਆਂ ਅਤੇ ਨਾਮਵਰ ਸਖਸ਼ੀਅਤਾਂ, ਕਾਲਜ ਦੇ ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਉਪਲੱਬਦੀਆਂ ਕਰਨ ਵਾਲੇ ਵਿਦਿਆਰਥੀਓ, ਫਰੀਦਕੋਟ ਦੀ ਪ੍ਰੈਸ ਦੇ ਨੁਮਾਇੰਦੇ, ਕਾਲਜ ਦਾ ਅਧਿਆਪਨ ਸਟਾਫ, ਦਰਜਾ ਤਿੰਨ ਅਤੇ ਦਰਜਾ ਚਾਰ ਕਰਮਚਾਰੀ ਵੀਰੋ, ਮੈਂ ਤੁਹਾਡਾ ਪੰਜਾਬ ਦੇ ਸਿੱਖਿਆ ਜਗਤ ਦੀ ਇਸ ਸਭ ਤੋਂ ਪੁਰਾਣੀ ਅਤੇ ਅਮੀਰ ਪ੍ਰੰਪਰਾਵਾਂ ਦੀ ਤਰਜਮਾਨੀ ਕਰਨ ਵਾਲੀ ਸੰਸਥਾ ਵਿਚ ਮੇਰੇ ਸੱਦੇ ਨੂੰ ਪ੍ਰਵਾਨ ਕਰ ਕੇ ਇਥੇ ਪਧਾਰਨ ਲਈ ਮੈਂ ਆਪ ਜੀ ਦਾ ਹਾਰਦਿਕ ਅਭਿਨੰਦਨ ਕਰਦਾ ਹਾਂ।

ਸਾਡੇ ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਿੰ: ਦਲਬੀਰ ਸਿੰਘ ਜੀ ਦਾ ਅਧਿਆਪਨ ਜਗਤ ਵਿਚ ਇਕ ਮੋਹਰੀ ਅਤੇ ਸਨਮਾਨਯੋਗ ਸਥਾਨ ਹੈ ਇਹਨਾਂ ਨੇ ਲੱਗਭਗ ਤਿੰਨ ਦਹਾਕੇ ਸਰਕਾਰੀ ਬ੍ਰਜਿੰਦਰਾ ਕਾਲਜ ਫਰੀਦਕੋਟ ਵਿਖੇ ਬਤੌਰ ਅੰਗਰੇਜੀ ਦੇ ਪਰਾਅਧਿਆਪਕ ਵਜੋਂ ਸੇਵਾ ਨਿਭਾਈ ਇਹਨਾਂ ਦੇ ਇਸ ਕਾਰਜ ਕਾਲ ਦੌਰਾਨ ਬ੍ਰਜਿੰਦਰਾ ਕਾਲਜ ਨੇ ਨਾਂ ਸਿਰਫ ਅਕਾਦਮਿਕ, ਸਾਹਿਤਕ ਅਤੇ ਸੱਭਿਆਚਾਰਕ ਸਰਗਰਮੀਆਂ ਦੇ ਮਾਧਿਅਮ ਰਾਹੀ ਮਾਲਵੇ ਦੀ ਸ਼੍ਰੋਮਣੀ ਸੰਸਥਾ ਹੋਣ ਦਾ ਮਾਣ ਹਾਸਲ ਕੀਤਾ ਬਲਕਿ ਇਨ੍ਹਾਂ ਨੇ ਇਸ ਕਾਲਜ ਨੂੰ ਨੈਕ ਅਕਰੈਡਿਟ ਏ ਗਰੇਡ ਦਵਾਉਣ ਵਿਚ ਜੋ ਸਖਤ ਮਿਹਨਤ ਕਰਕੇ ਮੋਹਰੀ ਭੂਮਿਕਾ ਨਿਭਾਈ ਇਸ ਲਈ ਇਹ ਸੰਸਥਾ ਅਤੇ ਅਸੀ ਇਹਨਾਂ ਦੇ ਸਹਿਯੋਗੀ ਹਮੇਸ਼ਾ ਇਹਨਾਂ ਦੇ ਰਿਣੀ ਰਹਾਂਗੇ। ਆਪਦੀ ਵਿਸ਼ੇ ਉਪਰ ਪੂਰੀ ਸਿਧਾਂਤਕ ਪਕੜ, ਆਪਣੇ ਕਿੱਤੇ ਨੂੰ ਧਰਮ ਵਾਂਗ ਨਿਭਾਉਣਾ ਅਤੇ ਜੀਵਨ ਵਿਚ ਖੁਸ਼ ਮਿਜਾਜੀ ਵਾਲੀ ਜੀਵਨ ਸ਼ੈਲੀ ਸਦਕਾ ਅੱਜ ਕੱਲ ਇਹ ਆਦੇਸ਼ ਕਾਲਜ ਵਿਚ ਬਤੌਰ ਪ੍ਰਿੰਸੀਪਲ/ਡੀਨ ਐਡਮਿਸ਼ਨਜ ਆਪਣੀ ਪ੍ਰਬੰਧਕੀ ਕੁਸ਼ਲਤਾ ਦਾ ਮੁਜਾਹਰਾ ਕਰ ਰਹੇ ਹਨ ਜਿਸ ਸਦਕਾ ਇਹ ਸੰਸਥਾ ਪੰਜਾਬ ਦੇ ਇੰਜੀਨੀਅਰਿੰਗ ਕਾਲਜਾਂ ਵਿਚ ਦਿਨ-ਬ-ਦਿਨ ਬੁਲੰਦੀਆਂ ਨੂੰ ਛੋਹ ਰਹੀ ਹੈ। ਇਹ ਮੇਰੇ ਹਮੇਸ਼ਾ ਮਾਰਗ ਦਰਸ਼ਕ ਰਹੇ ਹਨ ਇਸ ਲਈ ਇਸ ਸਤਿਕਾਰਤ ਹਸਤੀ ਨੂੰ ਕਾਲਜ ਵਿਚ ਬੁਲਾ ਕੇ ਮੈਂ ਵਡਭਾਗਾ ਮਹਿਸੂਸ ਕਰਦਾ ਹਾਂ।

ਸਤਿਕਾਰਯੋਗ ਮੁੱਖ ਮਹਿਮਾਨ ਜੀਓ ਇਸ ਸੰਸਥਾ ਨੇ ਇਸ ਵਰ੍ਹੇ ਅਕਾਦਮਿਕ, ਸੱਭਿਆਚਾਰਕ, ਖੇਡਾਂ ਅਤੇ ਐਨ.ਐਸ.ਐਸ ਦੇ ਖੇਤਰ ਵਿਚ ਮਾਣਯੋਗ ਅਤੇ ਉੱਘੀਆਂ ਪ੍ਰਾਪਤੀਆਂ ਕੀਤੀਆਂ ਹਨ ਇਨ੍ਹਾਂ ਮਾਣਮੱਤੀਆਂ ਪ੍ਰਾਪਤੀਆਂ ਪਿੱਛੇ ਇਸ ਕਾਲਜ ਦੇ ਸਮੁੱਚੇ ਸਟਾਂਫ ਦੀ ਮਿਹਨਤ ਅਤੇ ਲਗਨ ਸਦਕਾ ਹੀ ਇਹ ਸਭ ਕੁਝ ਸੰਭਵ ਹੋ ਸਕਿਆ ਹੈ।ਮੈਨੂੰ, ਅਜਿਹੀ ਅਕਾਰ ਦੇ ਪੱਖ ਤੋ ਤਾਂ ਭਾਵੇਂ ਛੋਟੀ ਸੰਸਥਾ ਹੈ ਪਰੰਤੂਵਕਾਰ ਅਤੇ ਮਿਆਰ ਦੇ ਪੱਖ ਸ਼੍ਰੋਮਣੀ ਸੰਸਥਾ ਦੇ ਵਿਚ ਬਤੌਰ ਪ੍ਰਿੰਸੀਪਲ ਸੇਵਾ ਨਿਭਾਉਣ ਦਾ ਮਾਣ ਮਹਿਸੂਸ ਹੋ ਰਿਹਾ ਹੈ। ਮੇਰੀ ਕੋਸ਼ਿਸ਼ ਹੈ ਕਿ ਮੈਂ ਇਸ ਸੰਸਥਾ ਨੂੰ ਵਿੱਦਿਅਕ ਅਤੇ ਸਹਿ ਵਿੱਦਿਅਕ ਗਤੀਵਿਧੀਆਂ ਦੇ ਖੇਤਰ ਵਿਚ ਹੋਰ ਸਿਖਰਾਂ ਤੇ ਪਹੁੰਚਾਵਾਂ। ਹੁਣ ਮੈਂ ਆਪ ਜੀ ਦੇ ਸਾਹਮਣੇ ਇਸ ਵਰ੍ਹੇ ਦੀਆਂ ਵਿਭਿੰਨ ਸਰਗਰਮੀਆਂ ਦਾ ਲੇਖਾ ਜੋਖਾ ਪੇਸ਼ ਕਰਨ ਦਾ ਮਾਣ ਮਹਿਸੂਸ ਕਰ ਰਿਹਾ ਹਾਂ।

Scanned with CamScanner

# ਸਲਾਨਾ ਰਿਪੋਰਟ

**ਅਕਾਦਮਿਕ :-**

ਸ਼ੈਸ਼ਨ 2011-12 ਵਿਚ ਇਸ ਕਾਲਜ ਦੇ ਬੀ.ਐਡ ਦੇ 135 ਵਿਦਿਆਰਥੀ ਅਪੀਅਰ ਹੋਏ ਅਤੇ 130 ਨੇਂ ਫਸਟ ਡਵੀਜਨ ਪ੍ਰਾਪਤ ਕੀਤੀ। ਜਿੰਨ੍ਹਾਂ ਵਿੱਚੋਂ 9 ਵਿਦਿਆਰਥੀਆਂ ਨੇਂ ਯੂਨੀਵਰਸਿਟੀ ਮੈਰਿਟ ਲਿਸਟ ਵਿਚ ਸਥਾਨ ਪ੍ਰਾਪਤ ਕਰਕੇ ਆਪਣਾ ਨਾਮ ਮੈਰਿਟ ਲਿਸਟ ਵਿਚ ਦਰਜ ਕਰਵਾਇਆ। ਸਾਲ 2011-12 ਵਿਚ ਇਸ ਕਾਲਜ ਦੇ ਐਮ.ਐਡ ਦੇ 33 ਵਿਦਿਆਰਥੀ ਅਪੀਅਰ ਹੋਏ ਅਤੇ 30 ਨੇਂ ਫਸਟ ਡਵੀਜਨ ਪ੍ਰਾਪਤ ਕੀਤੀ ਅਤੇ ਇੱਕ ਵਿਦਿਆਰਥਣ ਦੀਪਤੀ ਨੇਂ ਯੂਨੀਵਰਸਿਟੀ ਮੈਰਿਟ ਲਿਸਟ ਵਿਚ ਤੀਜਾ ਸਥਾਨ ਹਾਸਿਲ ਕੀਤਾ।

**ਐਨ.ਐਸ.ਐਸ ਕੈਂਪ :-**

ਕਾਲਜ ਦੀ ਕੌਮੀ ਸੇਵਾ ਯੋਜਨਾ ਇਕਾਈ ਵੱਲੋਂ 7 ਰੋਜਾ ਕੈਂਪ ਮਿਤੀ 22-12-12 ਤੋਂ 28-12-12 ਤੱਕ ਕਾਲਜ ਕੈਂਪਸ ਵਿਖੇ ਪ੍ਰੋ. ਕੰਵਲਦੀਪ ਸਿੰਘ, ਪ੍ਰੋ. ਰਾਜੇਸਵਰੀ ਦੇਵੀ ਦੀ ਅਗਵਾਈ ਵਿਚ ਲਗਾਇਆ ਗਿਆ ਇਸ ਕੈਂਪ ਦੌਰਾਨ ਗਰਲਜ ਹੋਸਟਲ, ਕਾਲਜ ਬਿਲਡਿੰਗ ਅਤੇ ਲਾਅਨਜ ਦੀ ਸਫਾਈ ਕੀਤੀ ਗਈ।

**ਸੱਭਿਆਚਾਰਕ ਗਤੀਵਿਧੀਆਂ:-**

1 ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਗਏ ਅੰਤਰ ਕਾਲਜ ਮੁਕਾਬਲੇ ਵਿਚ ਵੱਖ-ਵੱਖ ਆਈਟਮਾਂ ਵਿਚ ਭਾਗ ਲਿਆ। ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨਜ, ਬਠਿੰਡਾ ਵੱਲੋਂ ਕਰਵਾਏ ਗਏ ਅੰਤਰ ਕਾਲਜ ਕਾਵਿ ਉਚਾਰਣ ਵਿਚ ਕਾਲਜ ਦੀ ਵਿਦਿਆਰਥਣ ਖੁਸ਼ਵੀਰ ਕੌਰ ਵੱਲੋਂ ਦੂਜਾ ਸਥਾਨ ਪ੍ਰਾਪਤ ਕੀਤਾ।

2 ਪ੍ਰੋ. ਮਨਜੀਤ ਸਿੰਘ ਦੀ ਅਗਵਾਈ ਹੇਠ ਕਾਲਜ ਵਿਚ ਰੈਡ ਰਿਬਨ ਕਲੱਬ ਬਣਾਇਆ ਗਿਆ ਅਤੇ ਮੈਂਬਰਾਂ ਲਈ ਇੱਕ ਦਿਨਾਂ ਟਰੇਨਿੰਗ ਕੈਂਪ ਕਾਲਜ ਕੈਂਪਸ ਵਿਚ ਲਗਾਇਆ ਗਿਆ।

3 ਪ੍ਰੋ. ਕੰਵਲਦੀਪ ਸਿੰਘ ਦੀ ਅਗਵਾਈ ਹੇਠ ਲੀਗਲ ਲਿਟਰੇਸੀ ਕਲੱਬ ਵੱਲੋਂ ਆਯੋਜਿਤ ਯੂਥ ਫੈਸਟੀਵਲ ਵਿਚ ਇਸ ਕਾਲਜ ਦੇ ਵਿਦਿਆਰਥੀਆ ਨੇ ਸਕਿੱਟ ਪੇਸ਼ ਕੀਤੀ। ਜਿਸਨੇ ਜਿਲੇ ਵਿਚੋਂ ਦੂਸਰਾ ਸਥਾਨ ਅਤੇ ਪਾਵਰ ਪੁਆਇੰਟ ਵਿਚ ਵੀ ਦੂਸਰਾ ਸਥਾਨ ਪ੍ਰਾਪਤ ਕੀਤਾ। ਸਕਿੱਟ ਵਿਚ ਜੋਨਲ ਪੱਧਰ ਤੇ ਵੀ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਸਟੇਟ ਪੱਧਰ ਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਵਿਚ ਲੀਗਲ ਲਿਟਰੇਸੀ ਕਲੱਬ ਦੀ ਸਥਾਪਨਾ ਵੀ ਕੀਤੀ ਗਈ।

**ਅਧਿਆਪਕਾਂ ਦੀਆਂ ਪ੍ਰਾਪਤੀਆਂ :-**

1 ਡਾ. ਸ਼ਸ਼ੀ ਜਿੰਦਲ ਨੇ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ, ਚੰਡੀਗੜ੍ਹ ਵਿਖੇ ਮਿਤੀ 14-05-12 ਤੋਂ 19-05-12 ਤੱਕ Problem solving and Decision Making ਵਿਸ਼ੇ ਸਬੰਧੀ ਟਰੇਨਿੰਗ ਵਿਚ ਭਾਗ ਲਿਆ।

Scanned with CamScanner

2 ਪ੍ਰੋ: ਮਨਜੀਤ ਸਿੰਘ ਜੀ ਦੇ ਚਾਰ ਖੋਜ ਪੱਤਰ ਅੰਤਰਰਾਸ਼ਟਰੀ ਜਰਨਲਾਂ ਵਿਚ ਛਪੇ ਅਤੇ ਇਨ੍ਹਾਂ ਵੱਲੋਂ ਇਕ ਖੋਜ ਪੱਤਰ ਨੈਸ਼ਨਲ ਸੈਮੀਨਾਰ ਵਿਚ ਪੜਿਆ ਗਿਆ।

3 ਡਾ. ਦਰਸ਼ਨ ਸਿੰਘ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਨੈਸ਼ਨਲ ਪੱਧਰ ਦੀ ਕਾਨਫਰੰਸ ਵਿਚ ਭਾਗ ਲਿਆ ਅਤੇ ਡਾਇਟ ਫਰੀਦਕੋਟ ਵਿਖੇ ਐਲੀਮੈਂਟਰੀ ਅਧਿਆਪਕਾਂ ਲਈ ਲਗਾਏ ਗਏ ਸੈਮੀਨਾਰਾਂ ਵਿਚ ਐਕਸ਼ਨ ਰਿਸਰਚ ਵਿਸ਼ੇ ਤੇ ਦੋ ਲੈਕਚਰ ਦਿੱਤੇ।

4 ਪ੍ਰੋ: ਕੰਵਲਦੀਪ ਸਿੰਘ ਜੀ ਦੇ ਦੋ ਖੋਜ ਪੱਤਰ ਅੰਤਰਰਾਸ਼ਟਰੀ ਜਰਨਲਾਂ ਵਿਚ ਛਪੇ।

5 ਪ੍ਰੋ. ਕੰਵਲਦੀਪ ਸਿੰਘ ਅਤੇ ਪ੍ਰੋ. ਮਨਜੀਤ ਸਿੰਘ ਵੱਲੋਂ ਆਪਣੀ ਪੀ.ਐਚ.ਡੀ ਦੇ ਥੀਸਸ ਯੂਨੀਵਰਸਿਟੀ ਵਿਚ ਜਮ੍ਹਾਂ ਕਰਵਾਏ ਗਏ।

6 ਡਾ. ਸ਼ਸ਼ੀ ਜਿੰਦਲ, ਪ੍ਰੋ. ਮਨਜੀਤ ਸਿੰਘ ਅਤੇ ਪ੍ਰੋ. ਰਾਜੇਸ਼ਵਰੀ ਦੇਵੀ ਨੇ National Institute of Technology, Jalandhar ਵਿਖੇ National Mission on Education Through Information and Communication Technolgoy ਵਿਸ਼ੇ ਤੇ ਇਕ ਦਿਨਾ ਵਰਕਸ਼ਾਪ ਵਿਚ ਭਾਗ ਲਿਆ।

7 ਪ੍ਰੋ. ਰਾਜੇਸ਼ਵਰੀ ਦੇਵੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਰਾਸ਼ਟਰੀ ਕੌਮੀ ਸੇਵਾ ਯੋਜਨਾ ਨਾਲ ਸਬੰਧਤ ਵਰਕਸ਼ਾਪ ਜੋ ਕਿ ਮਿਤੀ 12-07-12 ਤੋਂ 18-07-12 ਤੱਕ ਲਗਾਈ ਗਈ ਵਿਚ ਭਾਗ ਲਿਆ।

**ਗਤੀਵਿਧੀਆਂ :-**

1 Ministry of Education ਦੇ ਸਹਿਯੋਗ ਨਾਲ Nitcon ਵੱਲੋਂ Training enterprenurership ਦਾ 15 ਰੋਜ਼ਾ ਪ੍ਰੋਗਰਾਮ ਕੋਟਕਪੂਰਾ ਵਿਖੇ ਲਗਾਇਆ ਗਿਆ ਜਿਸ ਨੂੰ ਬੀ.ਐਡ ਕਲਾਸ ਦੇ ਦਸ ਵਿਦਿਆਰਥੀਆਂ ਨੇ ਅਟੈਂਡ ਕੀਤਾ।

2 ਪੰਜਾਬ ਪੁਲਿਸ ਵੱਲੋਂ C.P.S.C ਸੈਂਟਰ ਦਾ ਉਦਘਾਟਨ ਫਰੀਦਕੋਟ ਵਿਖੇ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਐਸ.ਐਸ.ਪੀ ਫਰੀਦਕੋਟ ਨੇ ਕੀਤੀ ਅਤੇ ਵਿਦਿਆਰਥੀਆਂ ਨੂੰ ਇਨ੍ਹਾਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਵਿਚ ਬੀ.ਐਡ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ।

3 ਪ੍ਰੋ. ਕੰਵਲਦੀਪ ਸਿੰਘ ਅਤੇ ਪ੍ਰੋ. ਮਨਜੀਤ ਸਿੰਘ ਦੀ ਅਗਵਾਹੀ ਵਿਚ ਕਾਲਜ ਵਿਚ ਫਲਾਵਰ ਅਰੇਂਜਮੈਂਟ ਸ਼ੋਅ ਕਰਵਾਇਆ ਗਿਆ।

4 ਮਿਤੀ 22-03-13 ਨੂੰ ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ ਐਜੂਕੇਸ਼ਨ, ਫਰੀਦਕੋਟ ਵਿਖੇ ਬੀ.ਐਡ ਅਤੇ ਐਮ.ਐਡ ਕਲਾਸ ਦੇ ਵਿਦਿਆਰਥੀਆਂ ਦਾ ਫਲਾਵਰ ਸ਼ੋਅ ਕਰਵਾਇਆ ਗਿਆ। ਜਿਸ ਦਾ ਉਦਘਾਟਨ ਡੀ.ਪੀ.ਆਈ (ਕਾਲਜਾਂ) ਪੰਜਾਬ ਚੰਡੀਗੜ੍ਹ ਜੀ ਨੇਂ ਉਚੇਚੇ ਤੌਰ ਤੇ ਕੀਤਾ। ਇਸ ਸਮੇਂ ਉਹਨਾਂ ਨੇਂ

Scanned with CamScanner

ਵਿਦਿਆਰਥੀਆਂ ਦੇ ਇਸ ਟੇਲੈਂਟ ਬਾਰੇ ਸ਼ਲਾਘਾ ਕਰਦਿਆ ਉਹਨਾਂ ਨੂੰ ਫੁੱਲਾਂ ਅਤੇ ਕੁਦਰਤ ਦੇ ਅਦਭੁਤ ਨਜ਼ਾਰਿਆ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਸਮੇਂ ਉਹਨਾਂ ਦੇ ਨਾਲ ਪ੍ਰਿੰਸੀਪਲ ਡਾ ਅਨਿਲ ਕੁਮਾਰ ਵਰਮਾ, ਸਰਕਾਰੀ ਬ੍ਰਜਿੰਦਰਾ ਕਾਲਜ ਤੋਂ ਡਾ. ਪਰਮਿੰਦਰ ਸਿੰਘ, ਰਮਨ ਕੁਮਾਰ, ਅਤੇ ਸਰਕਾਰੀ ਕਾਲਜ ਆਫ ਐਜੂਕੇਸ਼ਨ, ਦੇ ਡਾ. ਸ਼ਸ਼ੀ ਜਿੰਦਲ, ਡਾ. ਦਰਸ਼ਨ ਸਿੰਘ, ਪ੍ਰੋ. ਕੰਵਲਦੀਪ ਸਿੰਘ, ਪ੍ਰੋ. ਮਨਜੀਤ ਸਿੰਘ, ਪ੍ਰੋ. ਮੰਜੂਕਪੂਰ, ਡਾ. ਰੁਪਿੰਦਰਜੀਤ ਕੌਰ, ਪ੍ਰੋ. ਰਾਜੇਸ਼ਵਰੀ ਦੇਵੀ, ਪ੍ਰੋ. ਬੀਰਇੰਦਰਜੀਤ ਸਿੰਘ, ਸ੍ਰੀ ਗੁਰਮੇਜ ਸਿੰਘ, ਪਰਵਿੰਦਰ ਸਿੰਘ, ਸ੍ਰੀਮਤੀ ਅਮਨਦੀਪ ਕੌਰ ਹਾਜਰ ਸਨ।

**ਸਪੋਰਟਸ :**

1 ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਈ ਗਈ ਬੀ.ਐਡ ਕਾਲਜਾਂ ਦੀ ਅਥਲੈਟਿਕਸ ਮੀਟ ਵਿਚ ਇਸ ਕਾਲਜ ਦੇ 10 ਵਿਦਿਆਰਥੀਆਂ ਨੇਂ ਗੋਲਡ ਮੈਡਿਲ ਪ੍ਰਾਪਤ ਕੀਤੇ ਅਤੇ ਓਵਰ ਆਲ ਚੈਂਪੀਅਨ ਟਰਾਫੀ ਜਿੱਤੀ।

ਮਾਣਯੋਗ ਮੁੱਖ ਮਹਿਮਾਨ ਜੀਓ,

ਸਾਡੇ ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾ ਦੀਆਂ ਪ੍ਰਾਪਤੀਆਂ ਬਹੁਤ ਹੀ ਗੌਰਵਸ਼ਾਲੀ ਅਤੇ ਸਨਮਾਨਯੋਗ ਹਨ। ਹੁਣ ਮੈਂ ਤੁਹਾਡੇ ਸਾਹਮਣੇ ਉਹਨਾਂ ਇਨਾਮ ਜੇਤੂਵਿਦਿਆਰਥੀਆਂ ਨੂੰ ਪੇਸ਼ ਕਰਨ ਦੀ ਖੁਸ਼ੀ ਲਵਾਂਗਾ ਅੰਤ ਵਿਚ ਮੈਂ ਸਾਡੇ ਸਾਰੇ ਆਦਰਯੋਗ ਮਹਿਮਾਨਾਂ ਇਨਾਮ ਜੇਤੂ ਵਿਦਿਆਰਥੀਆਂ ਉਹਨਾਂ ਦੇ ਮਾਪਿਆ ਪ੍ਰਤੀ ਆਭਾਰ ਪ੍ਰਗਟ ਕਰਦਾ ਹਾਂ ਜੋ ਸਾਡੇ ਸੱਦੇ ਉਪਰ ਇਸ ਸਮਾਗਮ ਦੀ ਸ਼ੋਭਾ ਨੂੰ ਵਧਾਉਣ ਵਾਸਤੇ ਇੱਥੇ ਪਧਾਰੇ ਹਨ। ਮੈਂ ਆਪਣੇ ਕਾਲਜ ਦੇ ਬਹੁਤ ਹੀ ਪ੍ਰਤੀਬੱਧ ਅਧਿਆਪਕਾ, ਸਮੂਹ ਦਰਜਾ ਤਿੰਨ ਅਤੇ ਦਰਜਾ ਚਾਰ ਕਰਮਚਾਰੀਆਂ ਦਾ ਅਤਿ ਧੰਨਵਾਦੀ ਹਾਂ ਜਿੰਨ੍ਹਾਂ ਦੇ ਸੰਪੂਰਨ ਸਹਿਯੋਗ ਅਤੇ ਇਸ ਸੰਸਥਾ ਪ੍ਰਤੀ ਮੋਹ ਅਤੇ ਲਗਨ ਸਦਕਾ ਅੱਜ ਦਾ ਇਹ ਸਮਾਗਮ ਖੂਬਸੂਰਤ ਬਣ ਸਕਿਆ ਹੈ।

Scanned with CamScanner

# ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਸਾਡੇ ਮਾਣਮੱਤੇ ਹੀਰੇ

## ਲੀਗਲ ਲਿਟਰੇਸੀ ਕਲੱਬ ਵੱਲੋਂ ਕਰਵਾਏ ਗਏ ਸਟੇਟ ਲੈਵਲ ਯੂਥ ਫੈਸਟੀਵਲ ਵਿੱਚੋਂ ਸਕਿੱਟ ਵਿੱਚੋਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ



ਸੰਦੀਪ ਕੌਰ

ਬੀ.ਐੱਡ



ਗੁਰਵਿੰਦਰਦੀਪ ਕੌਰ

ਬੀ.ਐੱਡ



ਹਿਨਾ ਰਾਏ

ਬੀ.ਐੱਡ



ਅਨੀਤਾ ਰਾਜ

ਬੀ.ਐੱਡ



ਦਿਵਿਆ ਸ਼ਰਮਾ

ਬੀ.ਐੱਡ



ਖੁਸ਼ਵੀਰ ਕੌਰ

ਬੀ.ਐੱਡ

Scanned with CamScanner